# ਨਫ਼ਰਤੀ ਅਪਰਾਧ ਅਤੇ ਘਟਨਾਵਾਂ

## ਨਫ਼ਰਤੀ ਅਪਰਾਧਾਂ ਅਤੇ ਘਟਨਾਵਾਂ ਦੀ ਰਿਪੋਰਟ ਕਿਵੇਂ ਕਰੀਏ ਅਤੇ ਮਦਦ ਕਿਵੇਂ ਪ੍ਰਾਪਤ ਕਰੀਏ

### ਕੈਲੀਫ਼ੋਰਨੀਆ ਨਿਆਂ ਵਿਭਾਗ ਪੀੜਤ ਸੇਵਾਵਾਂ ਯੂਨਿਟ

ਕੈਲੀਫ਼ੋਰਨੀਆ ਦੇ ਅਟਾਰਨੀ ਜਨਰਲ ਰੌਬ ਬੋਂਟਾ ਨਫ਼ਰਤੀ ਅਪਰਾਧਾਂ ਅਤੇ ਘਟਨਾਵਾਂ ਦੀ ਪਛਾਣ ਕਰਨ ਅਤੇ ਰਿਪੋਰਟ ਕਰਨ ਬਾਰੇ, ਅਤੇ ਪੀੜਤਾਂ ਲਈ ਉਪਲਬਧ ਸੇਵਾਵਾਂ ਬਾਰੇ ਹੇਠ ਲਿਖੀ ਜਾਣਕਾਰੀ ਪੇਸ਼ ਕਰਦੇ ਹਨ।

## *ਨਫ਼ਰਤੀ ਅਪਰਾਧ ਜਾਂ ਨਫ਼ਰਤੀ ਘਟਨਾ?*

ਨਫ਼ਰਤੀ ਅਪਰਾਧ ਅਤੇ ਨਫ਼ਰਤੀ ਘਟਨਾ ਵਿੱਚ ਫਰਕ ਹੈ, ਜਿਵੇਂ ਕਿ ਹੇਠਾਂ ਸਮਝਾਇਆ ਗਿਆ ਹੈ:

**ਇੱਕ ਨਫ਼ਰਤੀ ਅਪਰਾਧ** ਇੱਕ ਦੁਰਵਿਹਾਰ ਜਾਂ ਸੰਗੀਨ ਅਪਰਾਧਿਕ ਕਾਰਵਾਈ ਹੈ ਜੋ ਕਿਸੇ ਵਿਅਕਤੀ, ਸਮੂਹ, ਜਾਂ ਜਾਇਦਾਦ ਵਿਰੁੱਧ ਕੀਤੀ ਜਾਂਦੀ ਹੈ, ਜਿਸਦਾ ਮਕਸਦ ਪੀੜਤ ਦੀ ਅਸਲ ਜਾਂ ਕਲਪਿਤ ਸੁਰੱਖਿਅਤ ਪਛਾਣ ਵਿਸ਼ੇਸ਼ਤਾ ਪ੍ਰਤੀ ਨਫ਼ਰਤ ਜਾਂ ਜਾਣਬੁੱਝ ਕੇ ਪੱਖਪਾਤ ਕਰਨਾ ਹੁੰਦਾ ਹੈ। ਇੱਕ ਕਥਿਤ ਸੁਰੱਖਿਅਤ ਪਛਾਣ ਵਿਸ਼ੇਸ਼ਤਾ ਵਿੱਚ ਕਿਸੇ ਸੁਰੱਖਿਅਤ ਵਿਸ਼ੇਸ਼ਤਾ ਵਜੋਂ ਮੰਨਿਆ ਜਾਣਾ, ਸਮਝਿਆ ਜਾਣਾ, ਜਾਂ ਉਸ ਅਨੁਸਾਰ ਵਰਤਾਓ ਕੀਤਾ ਜਾਣਾ ਸ਼ਾਮਲ ਹੈ, ਭਾਵੇਂ ਧਾਰਨਾ ਸਹੀ ਹੋਵੇ ਜਾਂ ਨਾ। ਜੇ ਤੁਹਾਨੂੰ ਤੁਹਾਡੀ ਅਸਲ ਜਾਂ ਕਲਪਿਤ ਇਨ੍ਹਾਂ ਵਿਸ਼ੇਸ਼ਤਾਵਾਂ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ ਤਾਂ ਤੁਸੀਂ ਨਫ਼ਰਤੀ ਅਪਰਾਧ ਦੇ ਸ਼ਿਕਾਰ ਹੋ ਸਕਦੇ ਹੋ:

- ਸਰੀਰਕ ਜਾਂ ਮਾਨਸਿਕ ਅਪੰਗਤਾ,
- ਲਿੰਗ, ਅਤੇ ਇਸ ਵਿੱਚ ਲਿੰਗ ਪਛਾਣ ਅਤੇ ਲਿੰਗ ਪ੍ਰਗਟਾਵਾ ਸ਼ਾਮਲ ਹੈ,
- ਕੌਮੀਅਤ,
- ਨਸਲ ਜਾਂ ਨਸਲੀਅਤ,
- ਧਰਮ,
- ਜਿਨਸੀ ਝੁਕਾਅ, ਜਾਂ
- ਕਿਸੇ ਅਜਿਹੇ ਵਿਅਕਤੀ ਜਾਂ ਸਮੂਹ ਨਾਲ ਸਬੰਧ ਜਿਸ ਦੀਆਂ ਉਪਰੋਕਤ ਵਿੱਚੋਂ ਇੱਕ ਜਾਂ ਵੱਧ "ਅਸਲ" ਜਾਂ "ਕਲਪਿਤ" ਵਿਸ਼ੇਸ਼ਤਾਵਾਂ ਹੋਣ।
- ਸਿਵਲ ਕਾਨੂੰਨ ਦੇ ਤਹਿਤ, ਇੱਥੇ ਹੋਰ ਵੀ ਸੁਰੱਖਿਅਤ ਪਛਾਣ ਵਿਸ਼ੇਸ਼ਤਾਵਾਂ ਹਨ ਜੋ ਇਸ ਸੂਚੀ ਵਿੱਚ ਸ਼ਾਮਲ ਨਹੀਂ ਹਨ।

ਪੀੜਤ ਵਿੱਚ ਇੱਕ ਵਿਅਕਤੀ, ਪਰਿਵਾਰ, ਸਮੂਹ,ਭਾਈਚਾਰਕ ਕੇਂਦਰ, ਵਿਦਿਅਕ ਸੰਸਥਾ, ਇਕਾਈ, ਦਫ਼ਤਰ, ਮੀਟਿੰਗ ਹਾਲ, ਪੂਜਾ ਸਥਾਨ, ਨਿੱਜੀ ਸੰਸਥਾ, ਜਨਤਕ ਏਜੰਸੀ, ਲਾਇਬ੍ਰੇਰੀ, ਜਾਂ ਅਪਰਾਧ ਦਾ ਕੋਈ ਹੋਰ ਪੀੜਤ ਜਾਂ ਜਿਸਨੂੰ ਨਿਸ਼ਾਨਾ ਬਣਾਇਆ ਗਿਆ ਹੋਵੇ, ਸ਼ਾਮਲ ਹੋ ਸਕਦੇ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹੈ।

**ਇੱਕ ਨਫ਼ਰਤੀ ਘਟਨਾ** ਕਿਸੇ ਸੁਰੱਖਿਅਤ ਸਮੂਹ ਪ੍ਰਤੀ ਨਫ਼ਰਤ ਜਾਂ ਜਾਣਬੁੱਝੇ ਪੱਖਪਾਤ ਦੁਆਰਾ ਪ੍ਰੇਰਿਤ ਇੱਕ ਕਾਰਵਾਈ ਜਾਂ ਵਿਵਹਾਰ ਹੈ ਜੋ ਅਪਰਾਧ ਦੇ ਪੱਧਰ ਤੱਕ ਨਹੀਂ ਪਹੁੰਚਦਾ। ਅਮਰੀਕੀ ਅਤੇ ਕੈਲੀਫ਼ੋਰਨੀਆ ਦੇ ਸੰਵਿਧਾਨਾਂ ਅਧੀਨ ਭਾਸ਼ਣ ਦੀ ਸੁਤੰਤਰਤਾ ਨਫ਼ਰਤ ਭਰੀ ਬਿਆਨਬਾਜ਼ੀ ਦੀ ਇਜਾਜ਼ਤ ਦਿੰਦੀ ਹੈ ਜਦੋਂ ਤੱਕ ਇਹ ਦੂਜਿਆਂ ਦੇ ਨਾਗਰਿਕ ਅਧਿਕਾਰਾਂ ਵਿੱਚ ਦਖਲਅੰਦਾਜ਼ੀ ਨਹੀਂ ਕਰਦੀ। ਤੁਹਾਨੂੰ ਨਫ਼ਰਤੀ ਘਟਨਾਵਾਂ ਦੀ ਰਿਪੋਰਟ ਆਪਣੀ ਸਥਾਨਕ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨੂੰ ਕਰਨੀ ਚਾਹੀਦੀ ਹੈ। ਜੇਕਰ ਕੋਈ ਨਫ਼ਰਤੀ ਘਟਨਾ ਕਿਸੇ ਵਿਅਕਤੀ ਜਾਂ ਜਾਇਦਾਦ ਵਿਰੁੱਧ ਧਮਕੀਆਂ ਜਾਂ ਅਪਰਾਧਕ ਗਤੀਵਿਧੀਆਂ ਵਿੱਚ ਬਦਲ ਜਾਂਦੀ ਹੈ, ਤਾਂ ਇਸਨੂੰ ਨਫ਼ਰਤੀ ਅਪਰਾਧ ਵਜੋਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ। ਜੇਕਰ ਤੁਸੀਂ ਕਿਸੇ ਨਫ਼ਰਤੀ ਘਟਨਾ ਦਾ ਸਾਹਮਣਾ ਕਰਦੇ ਹੋ ਤਾਂ ਤੁਸੀਂ ਨਾਗਰਿਕ ਸਹਾਇਤਾ ਦੇ ਵੀ ਹੱਕਦਾਰ ਹੋ ਸਕਦੇ ਹੋ।

ਨਫ਼ਰਤੀ ਘਟਨਾਵਾਂ ਦੀਆਂ ਉਦਾਹਰਣਾਂ ਵਿੱਚ ਸ਼ਾਮਲ ਹਨ:

- ਕਿਸੇ ਸੁਰੱਖਿਅਤ ਸਮੂਹ ਨੂੰ ਨਿਸ਼ਾਨਾ ਬਣਾ ਕੇ ਅਜੀਬ ਨਾਮ ਲੈ ਕੇ ਬੁਲਾਉਣਾ, ਅਪਮਾਨ ਕਰਨਾ, ਨੀਵੇਂ ਦਰਜੇ ਦੇ ਸ਼ਬਦ ਬੋਲਣਾ, ਅਪਮਾਨਜਨਕ ਟਿੱਪਣੀਆਂ ਕਰਨਾ, ਅਤੇ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕਰਨਾ ਜੋ ਹਿੰਸਾ ਦੀ ਧਮਕੀ ਨਹੀਂ ਦਿੰਦੇ।
- ਆਪਣੀ ਨਿੱਜੀ ਜਾਇਦਾਦ 'ਤੇ ਨਫ਼ਰਤ ਭਰਿਆ ਸਮੱਗਰੀ ਪ੍ਰਦਰਸ਼ਿਤ ਕਰਨਾ ਜੋ ਹਿੰਸਾ ਦੀ ਧਮਕੀ ਨਹੀਂ ਦਿੰਦਾ।
- ਨਫ਼ਰਤੀ ਸੰਦੇਸ਼ ਵਾਲੇ ਕੱਪੜੇ ਪਹਿਨਣਾ ਜੋ ਹਿੰਸਾ ਦੀ ਧਮਕੀ ਨਹੀਂ ਦਿੰਦੇ।
- ਜਨਤਕ ਥਾਵਾਂ 'ਤੇ ਨਫ਼ਰਤੀ ਸੰਦੇਸ਼ਾਂ ਵਾਲੀ ਸਮੱਗਰੀ ਵੰਡਣਾ ਜੋ ਹਿੰਸਾ ਦੀ ਧਮਕੀ ਨਹੀਂ ਦਿੰਦਾ।

## *ਨਫ਼ਰਤੀ ਅਪਰਾਧ ਨੂੰ ਕਿਵੇਂ ਪਛਾਣੀਏ:*

ਇਸ ਗੱਲ ਦੇ ਸੰਕੇਤ ਕਿ ਅਪਰਾਧ ਨਫ਼ਰਤ ਜਾਂ ਪੱਖਪਾਤ ਦੁਆਰਾ ਪ੍ਰੇਰਿਤ ਸੀ, ਵਿੱਚ ਹੇਠ ਦੱਸੇ ਸ਼ਾਮਲ ਹੋ ਸਕਦੇ ਹਨ:

- ਅਪਰਾਧੀ ਨੇ ਪੀੜਤ ਜਾਂ ਜਾਇਦਾਦ ਦੀ ਚੋਣ ਇਸ ਲਈ ਕੀਤੀ ਕਿਉਂਕਿ ਉਹ ਇੱਕ ਸੁਰੱਖਿਅਤ ਸਮੂਹ ਨਾਲ ਸਬੰਧਤ ਸੀ, ਜਿਵੇਂ ਕਿ ਇੱਕ ਖਾਸ ਧਰਮ, ਨਸਲ, ਜਾਂ ਲਿੰਗ।
- ਅਪਰਾਧੀ ਨੇ ਪੱਖਪਾਤ ਦਰਸਾਉਂਦੇ ਲਿਖਤੀ ਜਾਂ ਜ਼ਬਾਨੀ ਟਿੱਪਣੀਆਂ ਕੀਤੀਆਂ, ਜਿਵੇਂ ਕਿ ਅਪਮਾਨਜਨਕ ਸ਼ਬਦ, ਇਸ਼ਾਰੇ।
- ਅਪਰਾਧ ਅਜਿਹੀ ਜਗ੍ਹਾ 'ਤੇ ਹੋਇਆ ਜੋ ਪੀੜਤ ਦੇ ਸੁਰੱਖਿਅਤ ਸਮੂਹ ਲਈ ਮਹੱਤਵਪੂਰਨ ਹੈ, ਜਿਵੇਂ ਕਿ ਪੂਜਾ ਦਾ ਸਥਾਨ, ਇੱਕ ਭਾਈਚਾਰਕ ਕੇਂਦਰ, ਕੋਈ ਪਰੇਡ, ਜਾਂ ਕੋਈ ਸੱਭਿਆਚਾਰਕ ਜਸ਼ਨ।
- ਅਪਰਾਧ ਅਜਿਹੀ ਤਾਰੀਖ਼ ਨੂੰ ਹੋਇਆ ਜੋ ਪੀੜਤ ਦੇ ਸੁਰੱਖਿਅਤ ਸਮੂਹ ਲਈ ਮਹੱਤਵਪੂਰਨ ਹੈ, ਜਿਵੇਂ ਕਿ ਇੱਕ ਧਾਰਮਿਕ ਛੁੱਟੀ, ਇੱਕ ਸੱਭਿਆਚਾਰਕ ਛੁੱਟੀ ਜਿਵੇਂ ਕਿ ਚੀਨੀ ਨਵੇਂ ਸਾਲ ਜਾਂ ਪ੍ਰਾਈਡ ਜਸ਼ਨ, ਜਾਂ ਇੱਕ ਵਰ੍ਹੇਗੰਢ ਦੀ ਤਾਰੀਖ਼।
- ਖੇਤਰ ਵਿੱਚ ਸੰਗਠਿਤ ਨਫ਼ਰਤੀ ਗਤੀਵਿਧੀ ਮੌਜੂਦ ਹੈ।

## *ਜੇਕਰ ਤੁਸੀਂ ਖਤਰੇ ਵਿੱਚ ਹੋ, ਤਾਂ ਤੁਰੰਤ 911 'ਤੇ ਕਾਲ ਕਰੋ ਜਾਂ ਆਪਣੀ ਸਥਾਨਕ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨਾਲ ਸੰਪਰਕ ਕਰੋ। ਜਦੋਂ ਤੁਸੀਂ ਖਤਰੇ ਤੋਂ ਬਾਹਰ ਹੋ ਅਤੇ ਲੋੜੀਂਦੀ ਡਾਕਟਰੀ ਸਹਾਇਤਾ ਪ੍ਰਾਪਤ ਕਰ ਲਈ ਹੈ, ਜੇ ਸੰਭਵ ਹੋਵੇ ਤਾਂ ਤੁਸੀਂ ਇਹ ਕਰ ਸਕਦੇ ਹੋ:*

- ਕਿਸੇ ਵੀ ਭੌਤਿਕ ਸਬੂਤ ਨੂੰ ਸੁਰੱਖਿਅਤ ਕਰੋ, ਜਿਵੇਂ ਕਿ ਗ੍ਰੈਫਿਟੀ, ਟੁੱਟੀਆਂ ਵਸਤੂਆਂ ਜਾਂ ਪ੍ਰੋਜੈਕਟਾਈਲਜ਼, ਜੋ ਵੀ ਤੁਹਾਨੂੰ ਯਾਦ ਹੈ ਉਹ ਸਭ ਲਿਖੋ, ਅਤੇ ਫੋਟੋਆਂ ਲਓ।
- ਦੂਜੇ ਪੀੜਤਾਂ ਅਤੇ ਗਵਾਹਾਂ ਦੇ ਨਾਮ ਅਤੇ ਸੰਪਰਕ ਜਾਣਕਾਰੀ, ਅਤੇ ਅਪਰਾਧੀ(ਆਂ) ਬਾਰੇ ਉਹਨਾਂ ਕੋਲ ਜੋ ਵੀ ਵੇਰਵੇ ਅਤੇ ਜਾਣਕਾਰੀ ਹੋਵੇ, ਉਹ ਪ੍ਰਾਪਤ ਕਰੋ।

## *ਜੇਕਰ ਤੁਸੀਂ ਕਿਸੇ ਨਫ਼ਰਤੀ ਅਪਰਾਧ ਦੇ ਗਵਾਹ ਹੋ, ਤਾਂ ਤੁਹਾਨੂੰ ਅਪਰਾਧ ਦੀ ਰਿਪੋਰਟ ਆਪਣੀ ਸਥਾਨਕ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨੂੰ ਕਰਨੀ ਚਾਹੀਦੀ ਹੈ।*

- ਕੈਲੀਫ਼ੋਰਨੀਆ ਨਿਆਂ ਵਿਭਾਗ ਕੋਲ ਸੰਭਾਵੀ ਨਫ਼ਰਤੀ ਅਪਰਾਧਾਂ ਦੀ ਜਾਂਚ ਵਿੱਚ ਸਥਾਨਕ, ਰਾਜ ਅਤੇ ਸੰਘੀ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੀ ਸਹਾਇਤਾ ਕਰਨ ਲਈ ਸਾਧਨ ਅਤੇ ਸਰੋਤ ਉਪਲਬਧ ਹਨ, ਜਿਸ ਵਿੱਚ ਇਹਨਾਂ ਅਪਰਾਧਾਂ ਦੇ ਦੋਸ਼ੀਆਂ ਦੀ ਪਛਾਣ, ਗ੍ਰਿਫਤਾਰੀ, ਮੁਕੱਦਮਾ ਚਲਾਉਣਾ ਅਤੇ ਸਜ਼ਾ ਸ਼ਾਮਲ ਹੈ।

## *ਨਫ਼ਰਤ ਨਾਲ ਲੜਨ ਲਈ ਤੁਸੀਂ ਅਤੇ ਤੁਹਾਡਾ ਭਾਈਚਾਰਾ ਕੀ ਕਰ ਸਕਦੇ ਹੋ:*

- **ਸਮੱਸਿਆ ਨੂੰ ਸਮਝੋ।** ਸਾਰੇ ਹਿੱਸੇਦਾਰ ਸਥਾਨਕ ਸਮੱਸਿਆ ਨੂੰ ਸਮਝਣ ਲਈ ਮਿਲ ਕੇ ਕੰਮ ਕਰ ਸਕਦੇ ਹਨ ਤਾਂ ਜੋ ਹੱਲ ਵਿਕਸਤ ਕੀਤੇ ਜਾ ਸਕਣ।
- **ਆਵਾਜ਼ ਉਠਾਓ ਅਤੇ ਜਾਗਰੂਕਤਾ ਫੈਲਾਓ।** ਨਫ਼ਰਤ ਅਤੇ ਅਸਹਿਣਸ਼ੀਲਤਾ ਦੀ ਜਨਤਕ ਤੌਰ 'ਤੇ ਨਿੰਦਾ ਕਰੋ ਅਤੇ ਜਨਤਕ ਅਧਿਕਾਰੀਆਂ ਨੂੰ ਵੀ ਅਜਿਹਾ ਕਰਨ ਲਈ ਕਹੋ।
- **ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਭਾਈਚਾਰੇ ਵਿੱਚ ਭਾਈਵਾਲੀ ਨੂੰ ਉਤਸ਼ਾਹਿਤ ਕਰੋ।** ਮਜ਼ਬੂਤ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਭਾਈਚਾਰੇ ਵਿੱਚ ਭਾਈਵਾਲੀ ਨਫ਼ਰਤੀ ਅਪਰਾਧਾਂ ਨੂੰ ਰੋਕਣ ਅਤੇ ਉਹਨਾਂ ਦਾ ਸਹੀ ਢੰਗ ਨਾਲ ਜਵਾਬ ਦੇਣ ਵਿੱਚ ਬਹੁਤ ਪ੍ਰਭਾਵਸ਼ਾਲੀ ਹੋ ਸਕਦੀ ਹੈ।
- **ਮਨੁੱਖੀ ਸਬੰਧ ਕਮਿਸ਼ਨ** ਭਾਈਚਾਰੇ ਦੀ ਸਮਝ ਨੂੰ ਵਧਾ ਸਕਦੇ ਹਨ, ਪੀੜਤਾਂ ਨੂੰ ਸਹਾਇਤਾ ਪ੍ਰਦਾਨ ਕਰ ਸਕਦੇ ਹਨ, ਅਤੇ ਭਵਿੱਖ ਵਿੱਚ ਨਫ਼ਰਤੀ ਅਪਰਾਧਾਂ ਅਤੇ ਘਟਨਾਵਾਂ ਨੂੰ ਰੋਕਣ ਲਈ ਕੰਮ ਕਰ ਸਕਦੇ ਹਨ। ਉਹ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਜਨਤਾ ਨੂੰ ਨਫ਼ਰਤੀ ਅਪਰਾਧਾਂ ਅਤੇ ਘਟਨਾਵਾਂ ਬਾਰੇ ਵੀ ਸਿੱਖਿਆ ਦੇ ਸਕਦੇ ਹਨ, ਰੁਝਾਨਾਂ ਨੂੰ ਟਰੈਕ ਕਰ ਸਕਦੇ ਹਨ, ਅਤੇ ਨੀਤੀਗਤ ਤਬਦੀਲੀਆਂ ਦੀ ਵਕਾਲਤ ਕਰ ਸਕਦੇ ਹਨ।

## *ਪੀੜਤਾਂ ਲਈ ਜਾਣਕਾਰੀ:*

ਜੇਕਰ ਤੁਸੀਂ ਨਫ਼ਰਤੀ ਅਪਰਾਧ ਦੇ ਸ਼ਿਕਾਰ ਹੋ, ਤਾਂ ਕੈਲੀਫੋਰਨੀਆ ਦੇ ਪੀੜਤਾਂ ਦੇ ਅਧਿਕਾਰਾਂ ਦਾ ਬਿੱਲ (ਕੈਲੀਫੋਰਨੀਆ ਸੰਵਿਧਾਨ, ਧਾਰਾ I, § 28), ਜੋ ਮਾਰਸੀਜ਼ ਲਾਅ ਵਜੋਂ ਪ੍ਰਸਿੱਧ ਹੈ, ਅਤੇ ਪੈਨਲ ਕੋਡ ਤੁਹਾਨੂੰ ਅਪਰਾਧਿਕ ਮਾਮਲਿਆਂ ਵਿੱਚ ਮਹੱਤਵਪੂਰਨ ਕਾਨੂੰਨੀ ਹੱਕ ਪ੍ਰਦਾਨ ਕਰਦੇ ਹਨ। ਨਫ਼ਰਤੀ ਅਪਰਾਧਾਂ ਅਤੇ ਨਫ਼ਰਤੀ ਘਟਨਾਵਾਂ ਦੇ ਪੀੜਤ ਸਿਵਲ ਅਦਾਲਤਾਂ [i] ਰਾਹੀਂ ਰਾਲ੍ਹਫ ਨਾਗਰਿਕ ਅਧਿਕਾਰ ਧਾਰਾ (ਨਾਗਰਿਕ ਕੋਡ, § 51.7) ਅਤੇ ਟੌਮ ਬੇਨ ਨਾਗਰਿਕ ਅਧਿਕਾਰ ਧਾਰਾ (ਨਾਗਰਿਕ ਕੋਡ, § 52.1) ਦੇ ਤਹਿਤ ਸਿਵਲ ਉਪਚਾਰਾਂ ਦੇ ਵੀ ਹੱਕਦਾਰ ਹੋ ਸਕਦੇ ਹਨ।

- **ਤੁਹਾਡੇ ਨੁਕਸਾਨਾਂ ਲਈ ਭੁਗਤਾਨ ਦਾ ਅਧਿਕਾਰ** ਅਪਰਾਧਿਕ ਮਾਮਲੇ ਵਿੱਚ, ਤੁਸੀਂ ਆਪਣੀਆਂ ਜਾਇਦਾਦ ਦੇ ਨੁਕਸਾਨਾਂ, ਡਾਕਟਰੀ ਖਰਚਿਆਂ, ਜਿਸ ਵਿੱਚ ਸਲਾਹ-ਮਸ਼ਵਰੇ ਦੇ ਵਾਜਬ ਖਰਚਿਆਂ ਦੀ ਭਰਪਾਈ, ਗੁਆਚੀ ਹੋਈ ਉਜਰਤ, ਅਤੇ ਹੋਰ ਨੁਕਸਾਨਾਂ ਲਈ ਮੁਆਵਜ਼ਾ ਪ੍ਰਾਪਤ ਕਰ ਸਕਦੇ ਹੋ। ਇੱਕ ਸਿਵਲ ਕੇਸ ਵਿੱਚ, ਅਦਾਲਤ ਤੁਹਾਨੂੰ ਭਾਵਨਾਤਮਕ ਪ੍ਰੇਸ਼ਾਨੀ ਵਰਗੇ ਗੈਰ-ਆਰਥਿਕ ਨੁਕਸਾਨਾਂ ਤੋਂ ਇਲਾਵਾ, ਅਸਲ ਨੁਕਸਾਨਾਂ ਦੀ ਭਰਪਾਈ ਲਈ ਵੀ ਆਦੇਸ਼ ਦੇ ਸਕਦੀ ਹੈ। ਇੱਕ ਸਿਵਲ ਅਦਾਲਤ ਉਸ ਵਿਅਕਤੀ ਨੂੰ, ਜਿਸ ਨੇ ਤੁਹਾਨੂੰ ਨੁਕਸਾਨ ਪਹੁੰਚਾਇਆ ਹੈ; ਭਾਵ, ਬਚਾਓ ਪੱਖ ਨੂੰ, ਮਿਸਾਲੀ ਜਾਂ ਦੰਡਕਾਰੀ ਹਰਜਾਨਾ ਅਦਾ ਕਰਨ, ਜੇ ਤੁਸੀਂ ਆਪਣੇ ਸਿਵਲ ਕੇਸ ਵਿੱਚ ਮਦਦ ਲਈ ਵਕੀਲ ਕੀਤਾ ਹੈ ਤਾਂ ਤੁਹਾਡੇ ਵਕੀਲਾਂ ਦੀਆਂ ਫੀਸਾਂ ਅਦਾ ਕਰਨ, ਅਤੇ/ਜਾਂ ਤੁਹਾਡੇ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਕਰਨ ਲਈ $25,000 ਦਾ ਭੁਗਤਾਨ ਕਰਨ ਦਾ ਆਦੇਸ਼ ਦੇ ਸਕਦੀ ਹੈ।
- **ਆਪਣੀ ਕਹਾਣੀ ਸਾਂਝੀ ਕਰਨ ਦਾ ਅਧਿਕਾਰ।** ਇੱਕ ਅਪਰਾਧਿਕ ਮਾਮਲੇ ਵਿੱਚ, ਤੁਸੀਂ ਅਦਾਲਤ ਨੂੰ ਦੱਸ ਸਕਦੇ ਹੋ ਕਿ ਦੋਸ਼ੀ ਨੂੰ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਅਪਰਾਧ ਨੇ ਤੁਹਾਡੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕੀਤਾ।
- **ਅਪਰਾਧਿਕ ਕੇਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ।** ਤੁਸੀਂ ਸਰਕਾਰੀ ਵਕੀਲ ਤੋਂ ਅਪਰਾਧਿਕ ਕੇਸ ਬਾਰੇ ਖਾਸ ਜਾਣਕਾਰੀ ਪ੍ਰਾਪਤ ਕਰਨ ਦੇ ਹੱਕਦਾਰ ਹੋ, ਜਿਸ ਵਿੱਚ ਹੇਠ ਲਿਖੀ ਜਾਣਕਾਰੀ ਸ਼ਾਮਲ ਹੈ ਪਰ ਇਹਨਾਂ ਤੱਕ ਸੀਮਿਤ ਨਹੀਂ: (1) ਬਚਾਓ ਪੱਖ ਦੀ ਗ੍ਰਿਫਤਾਰੀ; (2) ਦਾਇਰ ਕੀਤੇ ਗਏ ਦੋਸ਼; (3) ਬਚਾਅ ਪੱਖ ਦਾ ਦੋਸ਼ੀ ਠਹਿਰਾਇਆ ਜਾਣਾ, ਸਜ਼ਾ, ਅਤੇ/ਜਾਂ ਕੈਦ; ਅਤੇ, ਜੇਕਰ ਲਾਗੂ ਹੋਵੇ, (4) ਬਚਾਅ ਪੱਖ ਦੀ ਨਿਰਧਾਰਤ ਰਿਹਾਈ ਦੀ ਮਿਤੀ। ਤੁਸੀਂ ਜਨਤਕ ਕਾਰਵਾਈਆਂ ਅਤੇ ਪੈਰੋਲ ਜਾਂ ਹੋਰ ਸਜ਼ਾ ਤੋਂ ਬਾਅਦ ਦੀਆਂ ਰਿਹਾਈ ਦੀਆਂ ਕਾਰਵਾਈਆਂ ਬਾਰੇ ਵੀ ਵਾਜਬ ਨੋਟਿਸ ਪ੍ਰਾਪਤ ਕਰਨ ਦੀ ਬੇਨਤੀ ਕਰ ਸਕਦੇ ਹੋ।
- **ਸੁਰੱਖਿਆ ਲਈ ਅਦਾਲਤ ਤੋਂ ਮਦਦ ਪ੍ਰਾਪਤ ਕਰਨ ਦਾ ਅਧਿਕਾਰ।** ਅਦਾਲਤ ਅਜਿਹੇ ਆਦੇਸ਼ ਜਾਰੀ ਕਰ ਸਕਦੀ ਹੈ ਜੋ ਤੁਹਾਡੀ ਮਦਦ ਕਰ ਸਕਦੇ ਹਨ, ਜਿਵੇਂ ਕਿ ਇੱਕ ਅਪਰਾਧਿਕ ਜਾਂ ਸਿਵਲ ਸੁਰੱਖਿਆ ਜਾਂ ਰੋਕਥਾਮੀ ਆਦੇਸ਼ ਤੁਹਾਨੂੰ, ਤੁਹਾਡੇ ਜਾਣੇ-ਪਛਾਣੇ ਤਤਕਾਲੀ ਪਰਿਵਾਰ, ਜਾਂ ਤੁਹਾਡੇ ਘਰੇਲੂ ਸਾਥੀ ਨੂੰ ਦੋਸ਼ੀ ਦੁਆਰਾ ਹਿੰਸਾ, ਧਮਕੀਆਂ, ਪਿੱਛਾ ਕਰਨ, ਜਾਂ ਪ੍ਰੇਸ਼ਾਨੀ ਦੇ ਹੋਰ ਕਾਰਜਾਂ ਤੋਂ ਬਚਾਉਣ ਲਈ, ਜਿਸ ਵਿੱਚ ਦੋਸ਼ੀ ਨੂੰ ਤੁਹਾਡੇ ਤੋਂ ਦੂਰ ਰੱਖਣ ਦਾ ਆਦੇਸ਼ ਸ਼ਾਮਲ ਹੈ।
- **ਤੁਹਾਡੀ ਇਮੀਗ੍ਰੇਸ਼ਨ ਸਥਿਤੀ ਬਾਰੇ ਗੋਪਨੀਯਤਾ ਦਾ ਅਧਿਕਾਰ।** ਜੇਕਰ ਤੁਸੀਂ ਨਫ਼ਰਤੀ ਅਪਰਾਧ ਦੇ ਪੀੜਤ ਜਾਂ ਗਵਾਹ ਹੋ, ਤਾਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੁਹਾਨੂੰ ਕਿਸੇ ਅਸਲ ਜਾਂ ਸ਼ੱਕੀ ਇਮੀਗ੍ਰੇਸ਼ਨ ਉਲੰਘਣਾ ਲਈ ਹਿਰਾਸਤ ਵਿੱਚ ਨਹੀਂ ਲੈ ਸਕਦੀਆਂ, ਜਾਂ ਤੁਹਾਨੂੰ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਰਿਪੋਰਟ ਨਹੀਂ ਕਰ ਸਕਦੀਆਂ, ਜਦੋਂ ਤੱਕ ਤੁਹਾਨੂੰ ਰਾਜ ਦੇ ਕਾਨੂੰਨ ਤਹਿਤ ਕੁਝ ਅਪਰਾਧ ਕਰਨ ਲਈ ਦੋਸ਼ੀ ਨਹੀਂ ਠਹਿਰਾਇਆ ਜਾਂਦਾ ਜਾਂ ਸਜ਼ਾ ਨਹੀਂ ਦਿੱਤੀ ਜਾਂਦੀ। ਕੈਲੀਫ਼ੋਰਨੀਆ ਦਾ ਕਾਨੂੰਨ, ਕਾਨੂੰਨ ਲਾਗੂ ਕਰਨ ਵਾਲੀਆਂ ਅਥਾਰਟੀਆਂ ਨੂੰ ਵਿਅਕਤੀਆਂ, ਜਿਨ੍ਹਾਂ ਵਿੱਚ ਸੰਭਾਵੀ ਅਪਰਾਧਾਂ ਦੀ ਰਿਪੋਰਟ ਕਰਨ ਵਾਲੇ ਜਾਂ ਪੀੜਤ ਸ਼ਾਮਲ ਹਨ, ਤੋਂ ਉਹਨਾਂ ਦੀ ਇਮੀਗ੍ਰੇਸ਼ਨ ਸਥਿਤੀ ਬਾਰੇ ਪੁੱਛਣ ਤੋਂ ਮਨਾ ਕਰਦਾ ਹੈ। ਹਾਲਾਂਕਿ, ਜਿਹੜੇ ਵਿਅਕਤੀ U ਵੀਜ਼ਾ (ਅਪਰਾਧ ਪੀੜਤ ਲਈ ਵੀਜ਼ਾ) ਜਾਂ T ਵੀਜ਼ਾ (ਮਨੁੱਖੀ ਤਸਕਰੀ ਪੀੜਤ ਲਈ ਵੀਜ਼ਾ) ਪ੍ਰਾਪਤ ਕਰਨਾ ਚਾਹੁੰਦੇ ਹਨ, ਉਹ U ਵੀਜ਼ਾ ਜਾਂ T ਵੀਜ਼ਾ ਲਈ ਪ੍ਰਮਾਣਿਤ ਹੋਣ ਲਈ ਕਾਨੂੰਨ ਲਾਗੂ ਕਰਨ ਵਾਲੀਆਂ ਅਥਾਰਟੀਆਂ ਨੂੰ ਆਪਣੀ ਇਮੀਗ੍ਰੇਸ਼ਨ ਸਥਿਤੀ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਚਾਹ ਸਕਦੇ ਹਨ।

## *ਮਦਦ ਕਿੱਥੋਂ ਲੱਭੀਏ:*

- **ਜੇਕਰ ਤੁਹਾਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੈ, ਤਾਂ 911 'ਤੇ ਸੰਪਰਕ ਕਰੋ ਜਾਂ ਕਿਸੇ ਸਥਾਨਕ ਹਸਪਤਾਲ ਜਾਓ। ਰਿਪੋਰਟ ਦਰਜ ਕਰਵਾਉਣ ਲਈ, ਆਪਣੀ ਸਥਾਨਕ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਨਾਲ ਸੰਪਰਕ ਕਰੋ।**
- ***CA ਬਨਾਮ ਨਫ਼ਰਤ (CA vs. Hate)* ਸਰੋਤ ਲਾਈਨ ਅਤੇ ਨੈੱਟਵਰਕ**
  *CA ਬਨਾਮ ਨਫ਼ਰਤ (CA vs. Hate)* ਇੱਕ ਕਾਨੂੰਨ ਲਾਗੂ ਕਰਨ ਵਾਲੀ ਰਿਪੋਰਟਿੰਗ ਲਾਈਨ ਨਹੀਂ ਹੈ ਪਰ ਤੁਸੀਂ ਨਫ਼ਰਤੀ ਅਪਰਾਧਾਂ ਅਤੇ ਘਟਨਾਵਾਂ ਦੀ ਰਿਪੋਰਟ (833) 866-4283 'ਤੇ ਕਰ ਸਕਦੇ ਹੋ ਜਾਂ ਔਨਲਾਈਨ https://stophate.calcivilrights.ca.gov/s/ 'ਤੇ ਰਿਪੋਰਟ ਕਰ ਸਕਦੇ ਹੋ। ਰਿਪੋਰਟਿੰਗ ਸਾਡੇ ਭਾਈਚਾਰਿਆਂ ਵਿੱਚ ਨਫ਼ਰਤ ਦੇ ਸਾਧਾਰਨਕਰਨ ਨੂੰ ਰੋਕੇਗੀ, ਅਤੇ ਇਹ ਯਕੀਨੀ ਬਣਾਏਗੀ ਕਿ ਪ੍ਰਭਾਵਿਤ ਵਿਅਕਤੀਆਂ ਨੂੰ ਮਦਦ ਮਿਲੇ। *CA ਬਨਾਮ ਨਫ਼ਰਤ (CA vs. Hate)* ਭਾਈਚਾਰਿਆਂ ਅਤੇ ਪੀੜਤਾਂ ਲਈ ਸੱਭਿਆਚਾਰਕ ਤੌਰ 'ਤੇ ਸਮਰੱਥ ਸਰੋਤਾਂ ਅਤੇ ਸਹਾਇਤਾ ਤੱਕ ਪਹੁੰਚ ਵੀ ਪ੍ਰਦਾਨ ਕਰਦਾ ਹੈ।

---

i ਸਿਰਫ਼ ਸਰਕਾਰ ਹੀ ਅਪਰਾਧਿਕ ਮਾਮਲਿਆਂ ਦੀ ਪੈਰਵੀ ਕਰ ਸਕਦੀ ਹੈ। ਅਪਰਾਧਿਕ ਮਾਮਲਿਆਂ ਵਿੱਚ ਸਜ਼ਾ ਵਿੱਚ ਸ਼ਾਮਲ ਹੋ ਸਕਦਾ ਹੈ, ਪਰ ਇਹਨਾਂ ਤੱਕ ਸੀਮਿਤ ਨਹੀਂ, ਜੇਲ੍ਹ ਦਾ ਸਮਾਂ, ਜੁਰਮਾਨੇ, ਜਾਂ ਜੇਲ੍ਹ ਦੇ ਸਮੇਂ ਦੀ ਬਜਾਏ ਹੋਰ ਜੁਰਮਾਨੇ ਜਾਂ ਸ਼ਰਤਾਂ। ਇਸਦੇ ਉਲਟ, ਸਿਵਲ ਕੇਸ ਵਿਅਕਤੀਆਂ, ਸੰਸਥਾਵਾਂ, ਜਾਂ ਸਰਕਾਰ ਦੁਆਰਾ ਦਾਇਰ ਕੀਤੇ ਜਾ ਸਕਦੇ ਹਨ। ਸਿਵਲ ਕੇਸ ਸਿਵਲ ਕਾਨੂੰਨਾਂ ਨਾਲ ਸਬੰਧਤ ਵਿਵਾਦਾਂ ਨੂੰ ਹੱਲ ਕਰਦੇ ਹਨ ਅਤੇ ਅਪਰਾਧਿਕ ਮਾਮਲਿਆਂ ਨਾਲੋਂ ਘੱਟ ਸਬੂਤਾਂ ਦਾ ਬੋਝ ਲਾਗੂ ਹੁੰਦਾ ਹੈ। ਸਿਵਲ ਕੇਸਾਂ ਵਿੱਚ ਜੇਲ੍ਹ ਜਾਣਾ ਕੋਈ ਨਤੀਜਾ ਨਹੀਂ ਹੁੰਦਾ।

- **ਕੈਲੀਫ਼ੋਰਨੀਆ ਅਟਾਰਨੀ ਜਨਰਲ ਦਫ਼ਤਰ ਪੀੜਤ ਸੇਵਾਵਾਂ ਯੂਨਿਟ**
  ਪੀੜਤ ਸੇਵਾਵਾਂ ਯੂਨਿਟ ਅਪਰਾਧ ਪੀੜਤਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਅਪਰਾਧਿਕ ਪ੍ਰਕਿਰਿਆ ਦੇ ਹਰ ਪੜਾਅ 'ਤੇ ਸਹਾਇਤਾ ਪ੍ਰਦਾਨ ਕਰਦਾ ਹੈ। ਵਧੇਰੀ ਜਾਣਕਾਰੀ ਲਈ (877) 433-9069 'ਤੇ ਕਾਲ ਕਰੋ ਜਾਂ oag.ca.gov/hatecrimes 'ਤੇ ਜਾਓ।
- **ਕੈਲੀਫ਼ੋਰਨੀਆ ਸਿਵਲ ਰਾਈਟਸ ਡਿਪਾਰਟਮੈਂਟ (CRD)**
  CRD ਰਾਜ ਦੀ ਏਜੰਸੀ ਹੈ ਜੋ ਰਾਲਫ਼ ਸਿਵਲ ਰਾਈਟਸ ਐਕਟ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੈ। ਜੇਕਰ ਤੁਸੀਂ ਕਿਸੇ ਨਫ਼ਰਤੀ ਅਪਰਾਧ ਜਾਂ ਨਫ਼ਰਤੀ ਘਟਨਾ ਦੇ ਸ਼ਿਕਾਰ ਹੋਏ ਹੋ, ਤਾਂ ਤੁਸੀਂ ਉਸ ਵਿਅਕਤੀ ਦੇ ਖਿਲਾਫ਼ CRD ਕੋਲ ਸ਼ਿਕਾਇਤ ਦਰਜ ਕਰਵਾ ਸਕਦੇ ਹੋ ਜਿਸਨੇ ਤੁਹਾਨੂੰ ਨੁਕਸਾਨ ਪਹੁੰਚਾਇਆ ਹੈ। ਸ਼ਿਕਾਇਤ ਦਰਜ ਕਰਵਾਉਣ ਬਾਰੇ ਵਧੇਰੇ ਜਾਣਕਾਰੀ ਲਈ, Calcivilrights.ca.gov/complaintprocess 'ਤੇ ਜਾਓ, ਜਾਂ (800) 884-1684 (ਟੋਲ ਫ੍ਰੀ) ਜਾਂ (800) 700-2320 (TTY) 'ਤੇ ਕਾਲ ਕਰੋ।
- **ਸਥਾਨਕ ਜ਼ਿਲ੍ਹਾ ਅਟਾਰਨੀ ਦਫ਼ਤਰ ਪੀੜਤ ਗਵਾਹ ਸਹਾਇਤਾ ਕੇਂਦਰ**
  ਹਰੇਕ ਕਾਉਂਟੀ ਅਤੇ ਲਾਸ ਏਂਜਲਸ ਸ਼ਹਿਰ ਵਿੱਚ ਇੱਕ ਪੀੜਤ ਗਵਾਹ ਸਹਾਇਤਾ ਕੇਂਦਰ ਹੈ ਜੋ ਪੀੜਤਾਂ ਦੀ ਮਦਦ ਲਈ ਕੈਲੀਫ਼ੋਰਨੀਆ ਪੀੜਤ ਮੁਆਵਜ਼ਾ ਬੋਰਡ ਨਾਲ ਸਿੱਧਾ ਕੰਮ ਕਰਦਾ ਹੈ। ਕਿਸੇ ਸਥਾਨਕ ਦਫ਼ਤਰ ਅਤੇ ਸਰੋਤਾਂ ਬਾਰੇ ਜਾਣਕਾਰੀ ਲਈ, victims.ca.gov/victims/localhelp.aspx 'ਤੇ ਜਾਓ।